# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਰਜਿ: ਆਫਿਸ: ਪੀ.ਐਸ.ਈ.ਬੀ. ਹੈਡ ਆਫਿਸ, ਦੀ ਮਾਲ, ਪਟਿਆਲਾ-147001

ਅੰਦਰੂਨੀ ਵਰਤੋਂ ਲਈ

## ਖ਼ਬਰਨਾਮਾ

5th issue: April 2015


## ਤਤਕਰਾ


ਪੰਨਾ-2

- ਪੀ.ਐਸ.ਟੀ.ਸੀ.ਐਲ ਦੀ ਤਿਮਾਹੀ ਪ੍ਰਗਤੀ
- ਪਰਿਵਾਰਿਕ ਪ੍ਰਾਪਤੀਆਂ
- ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ, ਚੰਡੀਗੜ ਵਿਖੇ ਟਰੇਨਿੰਗ ਪ੍ਰੋਗਰਾਮ
- ਸੇਵਾ ਮੁਕਤੀਆਂ
- ਮੂਲ ਕਦਰਾਂ ਕੀਮਤਾਂ

ਪੰਨਾ-3

- ਸਾਲ 2015 - ਗਣਤੰਤਰ ਦਿਵਸ
- ਵਧੀਆ ਕੰਮ ਕਾਜ ਵਾਲੇ ਮੁਲਾਜਮਾਂ ਨੂੰ ਇਨਾਮ
- ਵਧੀਆ ਕਾਰਗੁਜਾਰੀ ਵਾਲੀ ਟਰਾਂਸਮਿਸ਼ਨ ਲਾਈਨ ਨੂੰ ਇਨਾਮ
- ਵਧੀਆ ਕਾਰਗੁਜ਼ਾਰੀ ਵਾਲੇ ਗਰਿਡ ਸ/ਸ ਨੂੰ ਇਨਾਮ
- ਖੇਡ- ਸੂਡੋਕੋ

ਪੰਨਾ-4

- ਸ਼ਕਤੀ ਸਦਨ ਵਿਖੇ ਝੰਡਾ ਲਹਿਰਾਉਣਾ
- ਸੀਮਨਜ਼ ਵਲੋਂ ਓ ਤੇ ਐਮ ਆਫ ਇਕਯੂਪਮੈਂਟ ਤੇ ਪੇਸ਼ਕਸ਼
- ਲੁਧਿਆਣਾ ਵਿਖੇ ਐਨ.ਆਰ.ਪੀ.ਸੀ ਮੀਟਿੰਗ
- ਸਿਹਤ ਜਾਗ੍ਰਤੀ ਪ੍ਰੋਗਰਾਮ
- ਝਲਕੀਆਂ





## 400 ਕੇ.ਵੀ. ਬਿਜਲੀ ਘਰ ਮੱਖੂ

ਪੰਜਾਬ ਸਰਕਾਰ ਅਤੇ ਪੀ.ਐਸ.ਟੀ.ਸੀ.ਐਲ. ਵੱਲੋ ਟਰਾਂਸਮਿਸਨ ਨੁਕਸਾਨ ਨੂੰ ਘਟਾਉਣ ਅਤੇ 220/132 ਕੇ.ਵੀ. ਸਿਸਟਮ ਦੇ ਲੋਡ ਨੂੰ ਸੁਧਾਰ ਕਰਨ ਲਈ ਕਦਮ ਚੁੱਕੇ ਗਏ। ਇਸੇ ਲਈ 400 ਕੇ.ਵੀ ਰਿੰਗਮੇਨ ਅਤੇ 5 ਨੰ. 400 ਕੇ.ਵੀ. ਬਿਜਲੀ ਘਰ ਸਾਲ 2010 ਦੌਰਾਨ ਉਸਾਰਨ ਲਈ ਵਿਉਂਤੇ ਗਏ ।

ਇਨ੍ਹਾਂ ਬਿਜਲੀ ਘਰਾਂ ਵਿਚੋ 400 ਕੇ.ਵੀ. ਬਿਜਲੀ ਘਰ ਮੱਖੂ ਮਹੱਤਵਪੂਰਨ ਹੈ ਜੋ ਮਿਤੀ 17.01.2014 ਨੂੰ ਚਾਲੂ ਕੀਤਾ ਗਿਆ ।ਇਹ ਬਿਜਲੀ ਘਰ ਹੋਰ ਤਿੰਨ ਬਿਜਲੀ ਘਰਾਂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ 400 ਕੇ.ਵੀ. ਬਿਜਲੀ ਘਰ ਨਕੋਦਰ, 400 ਕੇ.ਵੀ. ਬਿਜਲੀ ਘਰ ਮੁਕਤਸਰ ਸਾਹਿਬ, 400 ਕੇ.ਵੀ. ਬਿਜਲੀ ਘਰ ਬਾਲਾਚੱਕ (ਪੀ.ਜੀ.ਸੀ.ਆਈ.ਐਲ.) । ਇਸ ਬਿਜਲੀ ਘਰ ਦੀ ਸਮਰੱਥਾ 2 x 315 = 630 ਐਮ.ਵੀ.ਏ. ਹੈ ਇਥੇ ਦੋ ਆਈ.ਸੀ.ਟੀ 315 ਐਮ.ਵੀ.ਈ. ਦੇ ਹਨ । ਇਸ ਸਬ ਸਟੇਸ਼ਨ ਲਈ ਉਹ ਜਗ੍ਹਾ ਚੁਣੀ ਗਈ ਜਿਥੇ 220/132 ਕੇ.ਵੀ. ਨੇੜਲੇ ਨੈਟਵਰਕਾਂ ਨੂੰ ਵੱਧ ਤੋਂ ਵੱਧ ਰਾਹਤ ਦਿੱਤੀ ਜਾ ਸਕੇ। ਇਸ ਵੇਲੇ ਇਹ ਬਿਜਲੀ ਘਰ ਨੇੜਲੇ ਤਿੰਨ 220 ਕੇ.ਵੀ. ਮੱਖੂ, 220 ਕੇ.ਵੀ. ਬੋਤੀਆਂ ਵਾਲਾ ਅਤੇ 220 ਕੇ.ਵੀ. ਧਰਮਕੋਟ ਬਿਜਲੀ ਘਰਾਂ ਨੂੰ ਸਪਲਾਈ ਦੇ ਰਿਹਾ ਹੈ । ਆਉਣ ਵਾਲੇ ਸਮੇਂ ਵਿਚ ਇਸ ਨੂੰ 220 ਕੇ.ਵੀ. ਬਿਜਲੀ ਘਰ ਰਸਿਆਣਾ ਅਤੇ 220 ਕੇ.ਵੀ. ਬਿਜਲੀ ਘਰ ਅੱਲਗੋ ਕੋਠੀ ਨਾਲ ਵੀ ਜੋੜਿਆ ਜਾਵੇਗਾ ।





USE SOLAR POWER FOR DOMESTIC USE

## ਪੀ.ਐਸ.ਟੀ.ਸੀ.ਐਲ ਦੀ ਤਿਮਾਹੀ ਪ੍ਰਗਤੀ ( ਜਨਵਰੀ ਤੋ ਮਾਰਚ, 2015)

| Sr.no | Description | Up to 31.12.2014 | Up to 31.3.2015 | Net progress during the quarter |
|---|---|---|---|---|
| 1. | Sub- Station ending the year | | | |
| a) | 400 KV | 04 | 04 | 0 |
| b) | 220 KV | 89 | 89 | 0 |
| c) | 132 KV | 78 | 78 | 0 |
| | **Total** | **171** | **171** | **0** |
| 2. | Capacity in MVA | | | |
| a) | 400 KV | 2890.00 | 2890.00 | 0 |
| b) | 220 KV | 21649.50 | 21942.00 | 292.50 |
| c) | 132 KV | 6365.50 | 6393 | 27.50 |
| | **Total** | **30905.00** | **31225.00** | **320.00** |
| 3. | Transmission Lines (Ckt. Kms.) | | | |
| a) | 400 KV | 1570.734 | 1570.734 | 0.0 |
| b) | 220 KV | 6732.523 | 6957.887 | 225.364 |
| c) | 132 KV | 3200.228 | 3201.536 | 1.308 |
| | **Total** | **11503.485** | **11730.157** | **226.672** |

## ਪਰਿਵਾਰਿਕ ਪ੍ਰਾਪਤੀਆਂ



ਮਿਸ. ਚਾਰਵੀ ਅਰੋੜਾ ਸਪੁੱਤਰੀ ਇੰਜੀ. ਕੇ.ਕੇ.ਅਰੋੜਾ, ਵਧੀਕ ਨਿਗਰਾਨ ਇੰਜੀ/ਸਿਵਲ, ਪੀ.ਐਸ.ਟੀ.ਸੀ.ਐਲ ਨੇ ਰਾਜ ਪੱਧਰ ਤੇ ਆਈ.ਐਨ.ਸੀ.ਏ. ਹੈਦਰਾਬਾਦ (Indian National Cartographic Association Hyderabad) ਵਿਖੇ ਹੋਈ ਨੈਸ਼ਨਲ ਨਕਸ਼ਾ ਗਿਆਨ ਪ੍ਰੀਖਿਆ ਪ੍ਰਯੋਗਤਾ 2014 ਵਿਚ ਭਾਗ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ

******* ਵਧਾਈਆਂ *******



ਡਾ. ਅਮਨਜੋਤ ਕੌਰ ਪੁੱਤਰੀ ਇੰਜ. ਭੁਪਿੰਦਰ ਸਿੰਘ, ਏ.ਈ/ ਪਲਾਨਿੰਗ ਨੇ ਸਾਲ 2015 ਵਿਚ ਪਹਿਲੀ ਵਾਰ ਐਮ.ਡੀ. ਦੀ ਦਾਖਲਾ ਪ੍ਰੀਖਿਆ ਵਿੱਚ ਭਾਗ ਲੈ ਕੇ 5786 ਆਲ ਇੰਡੀਆਂ ਰੈਂਕ ਪ੍ਰਾਪਤ ਕੀਤਾ ਅਤੇ ਐਮ.ਡੀ ਵਿੱਚ ਦਾਖਲਾ ਲਿਆ । ਇਸ ਨੇ ਦਸੰਬਰ 2014 ਨੂੰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਆਪਣੀ ਐਮ.ਬੀ.ਬੀ.ਐਸ. ਪੂਰੀ ਕੀਤੀ ।

******* ਵਧਾਈਆਂ *******

## ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਸਟ੍ਰੇਸ਼ਨ, ਚੰਡੀਗੜ ਵਿਖੇ ਜੇ.ਈ./ਯੂ.ਡੀ.ਸੀ./ਐਲ.ਡੀ.ਸੀ. ਲਈ 3 ਦਿਨਾਂ ਟਰੇਨਿੰਗ ਪ੍ਰੋਗਰਾਮ



ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਸਟ੍ਰੇਸ਼ਨ ਚੰਡੀਗੜ ਵਿਖੇ ਫਰਵਰੀ ਅਤੇ ਮਾਰਚ, 2015 ਮਹੀਨੇ ਦੌਰਾਨ 25 ਕਰਮਚਾਰੀਆਂ ਦੇ 2 ਬੈਚ ਜੇ.ਈ. ਅਤੇ 2 ਬੈਚ ਯੂ.ਡੀ.ਸੀ./ਐਲ.ਡੀ.ਸੀ. ਦੇ ਸਫਲਤਾਪੂਰਵਕ ਟਰੇਨਿੰਗ ਪ੍ਰੋਗਰਾਮ ਕਰਵਾਏ ਗਏ।

## ਸੇਵਾ ਮੁਕਤੀ (ਜਨਵਰੀ - ਮਾਰਚ 2015)

ਪੀ.ਐਸ.ਟੀ.ਸੀ.ਐਲ. ਹੇਠ ਲਿਖਿਆਂ ਨੂੰ ਸੇਵਾ ਮੁਕਤ ਹੋਣ ਉਪਰੰਤ ਚੰਗੀ ਸਿਹਤ ਅਤੇ ਚੰਗੀ ਕਿਸਮਤ ਦੀ ਕਾਮਨਾ ਕਰਦਾ ਹੈ :

ਇੰਜੀ. ਮਨਜੀਤ ਸਿੰਘ ਬਤੌਰ ਉਪ ਮੁੱਖ ਇੰਜੀਨੀਅਰ ਮਿਤੀ 31-1-2015 ਨੂੰ ਸੇਵਾ ਮੁਕਤ ਹੋਏ

ਇੰਜੀ. ਸਤਪਾਲ ਸਿੰਘ ਬਤੌਰ ਉਪ ਮੁੱਖ ਇੰਜੀਨੀਅਰ ਮਿਤੀ 31-1-2015 ਨੂੰ ਸੇਵਾ ਮੁਕਤ ਹੋਏ

ਇੰਜੀ. ਐਸ.ਜੇ.ਚੋਬੇ ਬਤੌਰ ਉਪ ਮੁੱਖ ਇੰਜੀਨੀਅਰ ਮਿਤੀ 28-2-2015 ਨੂੰ ਸੇਵਾ ਮੁਕਤ ਹੋਏ

ਇੰਜੀ. ਜੀਵਨ ਕੁਮਾਰ ਸਿੰਗਲਾ ਬਤੌਰ ਨਿਗਰਾਨ ਇੰਜੀਨੀਅਰ 31-1-2015 ਨੂੰ ਸੇਵਾ ਮੁਕਤ ਹੋਏ

ਇੰਜੀ. ਰਾਜਿੰਦਰ ਸ਼ਰਮਾ ਬਤੌਰ ਵਧੀਕ ਨਿਗਰਾਨ ਇੰਜੀਨੀਅਰ 31-1-2015 ਨੂੰ ਸੇਵਾ ਮੁਕਤ ਹੋਏ

ਇੰਜੀ. ਆਰ. ਐਸ. ਰਾਹੀ ਬਤੌਰ ਸੀਨੀ ਕਾਰਜਕਾਰੀ ਇੰਜੀਨੀਅਰ 28-2-2015 ਨੂੰ ਸੇਵਾ ਮੁਕਤ ਹੋਏ

ਇੰਜੀ. ਰਮੇਸ਼ ਪਾਲ ਸਿੰਘ ਬਤੌਰ ਸੀਨੀਅਰ ਕਾਰਜਕਾਰੀ ਇੰਜੀਨੀਅਰ 31-3-2015 ਨੂੰ ਸੇਵਾ ਮੁਕਤ ਹੋਏ

ਇੰਜੀ. ਮਨਜੀਤ ਸਿੰਘ ਬਤੌਰ ਏ.ਈ.ਈ. ਮਿਤੀ 28-2-2015 ਨੂੰ ਸੇਵਾ ਮੁਕਤ ਹੋਏ

ਇੰਜੀ. ਜੋਗਾ ਸਿੰਘ ਬਤੌਰ ਏ.ਈ. ਮਿਤੀ 31-3-2015 ਨੂੰ ਸੇਵਾ ਮੁਕਤ ਹੋਏ

## ਮੂਲ ਕਦਰਾਂ ਕੀਮਤਾਂ ਕੀ ਹੁੰਦੀਆਂ ਹਨ?

ਮੂਲ ਕਦਰਾਂ ਕੀਮਤਾਂ ਉਹ ਵਿਸ਼ਵਾਸ ਅਤੇ ਕੀਮਤਾਂ ਹੁੰਦੀਆਂ ਹਨ ਜ਼ੋ ਕਿ ਸੰਸਥਾ ਨੂੰ ਸਭ ਤੋਂ ਪਿਆਰੀਆਂ ਹੁੰਦੀਆਂ ਹਨ। ਇਹ ਸੰਸਥਾ ਦੀ ਆਤਮਾ ਦੀਆਂ ਗਹਿਰਾਈਆਂ ਵਿੱਚੋ ਪੈਦਾ ਹੁੰਦੀਆਂ ਹਨ। ਇਹ ਸੰਸਥਾ ਦੇ ਢਾਂਚੇ ਦਾ ਅਨਿੱਖੜਵਾਂ ਹਿੱਸਾ ਹੁੰਦੀਆਂ ਹਨ। ਇਸ ਦਾ ਸਬੰਧ ਇਸ ਨਾਲ ਹੁੰਦਾ ਹੈ ਕਿ ਸੰਸਥਾ ਆਪਣੇ ਕਰਮਚਾਰੀਆਂ ਨਾਲ ਕਿਹੋ ਜਿਹਾ ਵਰਤਾਓ ਕਰਦੀ ਹੈ, ਕਿਸ ਤਰਾਂ ਦਾ ਮਹੱਤਵ ਇਹ ਤਕਨੀਕੀ ਮੁਹਾਰਤ ਨੂੰ ਦਿੰਦੀ ਹੈ ਜਾਂ ਕਿਸ ਤਰਾਂ ਦਾ ਵਰਤਾਓ ਇਹ ਬਾਹਰਲੀ ਦੁਨੀਆ ਅਤੇ ਵਾਤਾਵਰਣ ਨਾਲ ਕਰਦੀ ਹੈ।ਇਹ ਆਮ ਤੌਰ ਤੇ ਨੈਤਿਕਤਾ ਅਤੇ ਆਚਾਰ ਦੇ ਨਿਯਮਾਂ ਉਤੇ ਆਧਾਰਿਤ ਹੁੰਦੀਆਂ ਹਨ।ਸਾਰੇ ਹਿੱਸੇਦਾਰ ਨੂੰ ਭਾਵੇਂ ਉਹ ਪ੍ਰਬੰਧਕ ਹੋਣ ਜਾਂ ਕਾਮੇ ਹੋਣ, ਇਸ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਹ ਸਹੀ ਅਤੇ ਲੋੜੀਂਦੀ ਸਥਿਤੀ ਬਿਆਨ ਕਰਦੀਆਂ ਹਨ, ਅਸਲੀਅਤ ਨਹੀ।

## ਮੂਲ ਕਦਰਾਂ ਕੀਮਤਾਂ ਦਾ ਮਕਸਦ ਕੀ ਹੁੰਦਾ ਹੈ?

ਸੰਸਥਾ ਨੂੰ ਸੇਧ ਦੇਣ ਵਾਸਤੇ ਜਰੂਰੀ ਹੁੰਦਾ ਹੈ ਕਿ ਸੰਸਥਾ ਦੀਆਂ ਸਾਂਝੀਆਂ ਅਤੇ ਸਥਾਈ ਕਦਰਾਂ ਕੀਮਤਾਂ ਸਥਾਪਤ ਕੀਤੀਆਂ ਜਾਣ ਤਾਂ ਜ਼ੋ ਸੰਸਥਾ ਵਿੱਚ ਵਿਚਰਣ ਦੇ ਤਰੀਕੇ ਨੂੰ ਸਹੀ ਦਿਸ਼ਾ ਮਿਲ ਸਕੇ। ਇਸ ਤਰ੍ਹਾਂ ਕਰਮਚਾਰੀਆਂ ਦੀਆਂ ਨਿੱਜੀ ਕਦਰਾਂ ਕੀਮਤਾਂ ਨੂੰ ਸੇਧ ਮਿਲ ਜਾਂਦੀ ਹੈ।




**ਵਧੀਆ ਕੰਮ ਕਾਜ ਵਾਲੇ ਮੁਲਾਜਮ**

ਗਣਤੰਤਰ ਦਿਵਸ 2015 ਦੇ ਮੌਕੇ ਤੇ ਪੀ.ਐਸ.ਟੀ.ਸੀ.ਐਲ ਨੇ ਸਾਲ 2015 ਦੌਰਾਨ ਵਧੀਆ ਕੰਮ ਕਾਜ ਵਾਲੇ ਮੁਲਾਜਮਾਂ ਨੂੰ ਸਨਮਾਨ ਚਿੰਨ ਅਤੇ ਸਨਮਾਨ ਪੱਤਰ ਦੇ ਨਾਲ ਸਨਮਾਨਿਤ ਕੀਤਾ



ਗਣਤੰਤਰ ਦਿਵਸ 2015 ਆਫੀਸਰਜ਼ ਫਲੈਟ, ਪਟਿਆਲਾ ਵਿਖੇ ਪੀ.ਐਸ.ਟੀ.ਸੀ.ਐਲ. ਵੱਲੋਂ ਬੜੇ ਉਤਸਾਹ ਨਾਲ ਮਨਾਇਆ ਗਿਆ । ਮੁੱਖ ਮਹਿਮਾਨ ਸ੍ਰੀ ਨੀਰਜ ਹਿੱਤ ਅਭਿਲਾਸ਼ੀ ਤਾਇਲ, ਡਾਇਰੈਕਟਰ/ਪ੍ਰਬੰਧਕੀ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ । ਇੰਜੀ. ਸ਼ਸੀ ਪ੍ਰਭਾ, ਡਾਇਰੈਕਟਰ/ਤਕਨੀਕੀ ਵਿਸ਼ੇਸ਼ ਮਹਿਮਾਨ ਸਨ । ਇਸ ਉਪਰੰਤ ਸਭਿਆਚਾਰਕ ਪ੍ਰੋਗਰਾਮ ਮਨਾਇਆ ਗਿਆ ।

## ਵਧੀਆ ਕਾਰਗੁਜਾਰੀ ਵਾਲੀ ਲਾਈਨ – 220 ਕੇ.ਵੀ. ਆਰ.ਟੀ.ਪੀ.–ਜੀ–1 ਮੰਡੀ ਗੋਬਿੰਦਗੜ੍ਹ



ਗਣਤੰਤਰ ਦਿਵਸ 2015 ਦੇ ਮੌਕੇ ਤੇ 220 ਕੇ.ਵੀ. ਆਰ.ਟੀ.ਪੀ.-ਜੀ-1 ਮੰਡੀ ਗੋਬਿੰਦਗੜ੍ਹ (ਸਰਕਟ-1) ਨੂੰ ਵਧੀਆ ਲਾਈਨ ਐਲਾਨਿਆ ਗਿਆ । ਇਹ ਲਾਈਨ ਸਾਲ 1984 ਨੂੰ ਚਾਲੂ ਕੀਤੀ ਗਈ । ਇਸ ਲਾਈਨ ਦੇ ਕੁੱਲ 185 ਟਾਵਰ ਹਨ ਜਿਨ੍ਹਾਂ ਵਿਚੋਂ 120 ਏ ਟਾਈਪ, 37 ਬੀ ਟਾਈਪ, 23 ਸੀ ਟਾਈਪ ਅਤੇ 5 ਜੇ ਟਾਈਪ ਟਾਵਰ ਹਨ । ਇਸ ਲਾਈਨ ਦੀ ਕੁੱਲ ਲੰਬਾਈ 61 ਕਿਲੋਮੀਟਰ ਹੈ ਅਤੇ ਇਸ ਤੇ 0.4 ਵਰਗ ਇੰਚ ਦਾ ਕੰਡਕਟਰ ਪਾਇਆ ਹੋਇਆ ਹੈ । ਟਾਵਰ ਨੰ. 14-15 ਅਤੇ 50-51 ਵਿਚਕਾਰ ਸਤਲੁੱਜ ਦਰਿਆ ਲੰਘਦਾ ਹੈ ਅਤੇ ਟਾਵਰ ਨੰ. 4-6 ਵਿਚੋਂ ਸਰਸਾ ਦਰਿਆ ਲੰਘਦਾ ਹੈ । ਇਹ ਲਾਈਨ ਮੰਡੀ ਗੋਬਿੰਦਗੜ੍ਹ ਦੇ ਇੰਡਸਟ੍ਰੀਅਲ ਏਰੀਏ ਵਿਚੋ ਲੰਘਦੀ ਹੈ । ਸਰਦੀ ਦੌਰਾਨ ਟਰਿਪੰਗ ਨਾ ਹੋਵੇ ਇਸ ਲਈ ਇਸ ਦੇ 22 ਨੰ. ਟਾਵਰਾਂ ਦੀਆਂ ਡਿਸਕਾਂ ਤੇ 924 ਨੰ. ਐਂਟੀਫੋਗ ਡਿਸਕਾਂ ਨਾਲ ਬਦਲੀਆਂ ਗਈਆਂ ਹਨ । ਇਹ ਲਾਈਨ ਰੋਪੜ ਨੇੜੇ ਪਹਾੜੀ ਏਰੀਏ ਵਿਚੋ ਲੰਘਦੀ ਹੈ ਅਤੇ ਇਸ ਦੇ 22 ਨੰ. ਟਾਵਰ ਪਹਾੜੀਆ ਉੱਤੇ ਹਨ, ਇਸ ਲਈ ਏ.ਓ. ਐਂਡ ਐਸ.ਡੀ.ਓ./ਟੀ.ਐਲ. ਦੀ ਸੇਧ ਅਧੀਨ ਮਿਹਨਤੀ ਕਰਮਚਾਰੀਆਂ ਵੱਲੋਂ ਇਸ ਲਾਈਨ ਦੀ ਸਾਲ ਵਿਚ ਦੋ ਵਾਰੀ ਰੱਖ-ਰਖਾਵ ਕੀਤਾ ਜਾਂਦਾ ਹੈ ਅਤੇ ਹਰ ਸਾਲ ਕਠਨ ਥਾਵਾਂ ਤੇ ਜਿੱਥੇ ਸਰਦੀ ਆਉਣ ਤੇ ਵਾਤਾਵਰਨ ਵੱਧ ਦੂਸ਼ਿਤ ਹੁੰਦਾ ਹੈ ਉਥੇ ਡਿਸਕਾਂ ਨੂੰ ਸਾਫ ਕੀਤਾ ਜਾਂਦਾ ਹੈ । ਇਸ ਲਾਈਨ ਤੇ ਪਿਛਲੇ ਸਾਲ ਕੋਈ ਟਰਿਪੰਗ ਨਹੀਂ ਹੋਈ । ਇਸ ਸਮੇਂ ਉਪ ਮੰਡਲ ਕੋਲ ਕੇਵਲ 8 ਨੰ. ਲਾਈਨਮੈਨ ਅਤੇ 10 ਨੰ. ਸਹਾਇਕ ਲਾਈਨਮੈਨ ਹਨ ਜੋ 400/220/132 ਕੇ.ਵੀ. ਜੋ 1170 ਕਿਲੋਮੀਟਰ ਸਿੰਗਲ ਸਰਕਟ ਲਾਈਨਾਂ ਦਾ ਰੱਖ-ਰਖਾਵ ਕਰਦੇ ਹਨ ।

**ਖੇਡ : SUDOKO**

| | | | | | | | | |
|---|---|---|---|---|---|---|---|---|
| 6 | 3 | | 1 | | | | | |
| | | | 4 | | 3 | 6 | 9 | 1 |
| 1 | | | 6 | | | | | 8 |
| 7 | | | | 5 | 8 | | | |
| | | | | | 2 | 1 | 8 | 5 |
| | 2 | 8 | | 1 | | 4 | | |
| | | 5 | | | | | | 3 |
| | | | | 9 | 1 | 2 | | |
| | 6 | | 8 | | | | 1 | |

## ਵਧੀਆ ਕਾਰਗੁਜਾਰੀ ਵਾਲਾ ਗਰਿਡ ਸ/ਸ – 220 ਕੇ.ਵੀ. ਸਬ ਸਟੇਸ਼ਨ ਜਮਸ਼ੇਰ




220 ਕੇ.ਵੀ ਸਬ ਸਟੇਸ਼ਨ ਜਮਸ਼ੇਰ 9.9.1988 ਨੂੰ ਚਾਲੂ ਕੀਤਾ ਗਿਆ ਸੀ। ਇਸ ਬਿਜਲੀ ਘਰ ਦੀ ਸਮਰੱਥਾ 225 ਐਮ.ਵੀ.ਏ. ਹੈ (ਜਿਨਾਂ ਵਿੱਚ 220/66 ਕੇ.ਵੀ 100 ਐਮ.ਵੀ.ਏ. ਦੇ 2 ਨੰ. ਪਾਵਰ ਟਰਾਂਸਫਾਰਮਰ, 66/11 ਕੇ.ਵੀ 10/ 12.5 ਐਮ.ਵੀ.ਏ. ਦਾ ਇਕ ਟਰਾਂਸਫਾਰਮਰ ਅਤੇ 66/11 ਕੇ.ਵੀ 12.5 ਐਮ.ਵੀ.ਏ. ਦਾ ਇਕ ਟਰਾਂਸਫਾਰਮਰ ਲੱਗਾ ਹੋਇਆ ਹੈ। ਇਸ ਸ/ਸ ਵਿਖੇ 11 ਨੰ. 220 ਕੇ.ਵੀ ਲਾਈਨਾਂ ਅਤੇ 5 ਨੰ. 66 ਕੇ.ਵੀ ਲਾਈਨਾਂ ਨਾਲ ਵੱਖ-ਵੱਖ 220 ਕੇ.ਵੀ ਅਤੇ 66 ਕੇ.ਵੀ ਸਬ ਸਟੇਸ਼ਨਾਂ ਨਾਲ ਜੁੜਿਆ ਹੋਇਆ ਹੈ। ਇਸ ਸਬ-ਸਟੇਸ਼ਨ ਤੋ 12 ਨੰ. 11 ਕੇ.ਵੀ ਆਊਟ ਗੋਇੰਗ ਫੀਡਰ ਵੀ ਚਲਦੇ ਹਨ। ਸਾਰੇ ਬਿਜਲੀ ਘਰ ਦੀ ਲਾਲ, ਪੀਲੇ ਅਤੇ ਨੀਲੇ ਰੰਗ ਨਾਲ ਫੇਸ ਮਾਰਕਿੰਗ ਕੀਤੀ ਗਈ, ਜਿਸ ਨਾਲ ਕੰਮ ਕਰਨ ਸਮੇਂ ਗਲਤੀ ਲੱਗਣ ਦੇ ਕਾਰਣ ਨੂੰ ਘਟਾਇਆ ਗਿਆ ਅਤੇ ਕੰਮ ਦੀ ਗੁਣਵੱਤਾ ਨੂੰ ਵਧਾਇਆ ਗਿਆ। ਬਿਜਲੀ ਘਰ ਦੀ ਭਰੋਸੇ ਯੋਗਤਾ ਨੂੰ ਵਧਾਉਣ ਲਈ ਨਿਯਮਿਤ ਤੌਰ ਤੇ ਸ਼ਡਿਊਲ ਦੀਆਂ ਮੈਂਟੀਨੈਂਸ ਵੀ ਕੀਤੀ ਜਾਂਦੀ ਹੈ।




## ਸ਼ਕਤੀ ਸਦਨ ਵਿਖੇ ਝੰਡਾ ਲਹਿਰਾਉਣ ਦੀ ਰਸਮ

ਇੰਜੀ. ਸ਼ਸੀ ਪ੍ਰਭਾ, ਡਾਇਰੈਕਟਰ/ਤਕਨੀਕੀ ਵਲੋਂ ਮਿਤੀ 23 ਜਨਵਰੀ, 2015 ਨੂੰ ਪੀ.ਐਸ.ਟੀ.ਸੀ.ਐਲ ਦੀ ਬਿਲਡਿੰਗ ਸ਼ਕਤੀ ਸਦਨ ਪਟਿਆਲਾ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ।



ਮੈਸ. ਸੀਮਨਜ ਵਲੋਂ ਐਸ.ਐਲ.ਡੀ.ਸੀ. ਵਿਖੇ 8 ਜਨਵਰੀ 2015 ਨੂੰ ਓ ਤੇ ਐਮ ਆਫ ਇਕਯੂਪਮੈਂਟ ਅਤੇ ਪਾਵਰ ਟਰਾਂਸਮਿਸ਼ਨ ਅਤੇ ਅਨਰਜੀ ਆਟੋਮੇਸ਼ਨ ਦੀਆਂ ਆਧੁਨਿਕ ਤਕਨੀਕਾਂ ਸਬੰਧੀ ਪ੍ਰੋਗਰਾਮ ਪੇਸ਼ ਕੀਤਾ ਗਿਆ।







ਮਿਤੀ 19 ਦਸੰਬਰ 2014 ਨੂੰ ਲੁਧਿਆਣਾ ਵਿਖੇ ਐਨ.ਆਰ.ਪੀ.ਸੀ. ਦੀ 28ਵੀਂ ਪ੍ਰੋਟੈਕਸ਼ਨ ਸਬ ਕਮੇਟੀ ਦੀ ਮੀਟਿੰਗ ਹੋਈ, ਇਸ ਵਿਚ ਉੱਤਰੀ ਖੇਤਰ ਨਾਲ ਪ੍ਰੋਟੈਕਸ਼ਨ ਸਬੰਧੀ ਵਿਚਾਰ ਕੀਤਾ ਗਿਆ । ਇਸ ਵਿਚ ਪਾਵਰ ਜਨਰੇਸ਼ਨ ਅਤੇ ਟਰਾਂਸਮਿਸ਼ਨ ਨਾਲ ਸਬੰਧਤ ਸਾਰੇ ਉਪਭੋਗਤਾਵਾ, ਮਹਿਕਮਿਆਂ ਨੇ ਭਾਗ ਲਿਆ ।



ਮਿਤੀ 25 ਫਰਵਰੀ 2015 ਨੂੰ ਡਾਇਰੈਕਟਰ/ਪ੍ਰਬੰਧਕੀ ਵੱਲੋਂ ਪਟਿਆਲਾ ਬਲਾਇੰਡ ਤੇ ਡੈਫ ਸਕੂਲ ਪਿੰਡ ਸੈਫਦੀਪੁਰ, ਪਟਿਆਲਾ ਵਿਖੇ ਦੌਰਾ ਕੀਤਾ ਗਿਆ ।

## Health Awareness Programme



ਮਿਤੀ 18 ਫਰਵਰੀ 2015 ਨੂੰ ਪੀ.ਐਸ.ਟੀ.ਸੀ.ਐਲ ਦੇ ਮੁਲਾਜਮਾਂ ਲਈ ਸ਼ਕਤੀ ਸਦਨ ਪਟਿਆਲਾ ਵਿਖੇ Stress Management, Mind Control ideas, Memory Improvement ਅਤੇ Pain Management ਬਾਰੇ ਸੈਮੀਨਾਰ ਕਰਵਾਇਆ ਗਿਆ ।

**ਜਵਾਬ : SUDOKO**

| | | | | | | | | |
|---|---|---|---|---|---|---|---|---|
| 6 | 3 | 9 | 1 | 8 | 5 | 7 | 2 | 4 |
| 8 | 5 | 2 | 4 | 7 | 3 | 6 | 9 | 1 |
| 1 | 7 | 4 | 6 | 2 | 9 | 3 | 5 | 8 |
| 7 | 4 | 1 | 3 | 5 | 8 | 9 | 6 | 2 |
| 3 | 9 | 6 | 7 | 4 | 2 | 1 | 8 | 5 |
| 2 | 2 | 8 | 9 | 1 | 5 | 4 | 3 | 7 |
| 9 | 1 | 5 | 2 | 6 | 7 | 8 | 4 | 3 |
| 4 | 8 | 3 | 5 | 9 | 1 | 2 | 7 | 6 |
| 2 | 6 | 7 | 8 | 3 | 4 | 2 | 1 | 9 |

**ਨੋਟ:** ਪੀ. ਐਸ. ਟੀ. ਸੀ. ਐਲ ਦੇ ਸਾਰੇ ਕਰਮਚਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪੀ. ਐਸ. ਟੀ. ਸੀ. ਐਲ ਦੇ ਖਬਰਨਾਮੇ ਵਿੱਚ ਹੇਠ ਲਿਖੇ ਖੇਤਰਾਂ ਵਿੱਚ ਆਪਣਾ ਹਿੱਸਾ ਪਾਉਣ

1. ਕਰਮਚਾਰੀ, ਉਹਨਾਂ ਦੇ ਪਰਿਵਾਰ ਤੇ ਬੱਚਿਆਂ ਵਲੋ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਉਪਲਬਧੀਆਂ
2. ਕਥਨ/ ਕਹਾਣੀਆਂ ਆਦਿ

## ਝਲਕੀਆਂ









TRANS GLOBAL PRESS - 98158 76760